Roll No. ……………..

041

SS
2117
ਸਾਲਾਨਾ ਪਰੀਖਿਆ ਪ੍ਰਣਾਲੀ
**PHILOSOPHY**
**(Punjabi Medium )**

**Time Allowed: Three Hours** **Maximum Marks : 90**

ਨੋਟ: (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ ਕੋਡ /ਪੇਪਰ ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ 041 ਜ਼ਰੂਰ ਦਰਜ ਕਰੋ ਜੀ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਸਾਰੇ ਪ੍ਰਸ਼ਨ ਜਰੂਰੀ ਹਨ।

(v) ਪ੍ਰਸ਼ਨ -ਪੱਤਰ ਚਾਰ ਭਾਗਾਂ (ੳ,ਅ,ੲ ਅਤੇ ਸ) ਵਿੱਚ ਵੰਡਿਆ ਗਿਆ ਹੈ। ਪ੍ਰਸ਼ਨ ਨੰਬਰ 1 ਤੋਂ 10 ਹਰੇਕ ਇੱਕ-ਇੱਕ ਅੰਕ ਵਾਲੇ ਹਨ ਅਤੇ ਇਹਨਾਂ ਦਾ ਉੱਤਰ ਇੱਕ ਲਾਈਨ ਵਿੱਚ ਦਿਓ, ਪ੍ਰਸ਼ਨ ਨੰਬਰ 11 ਤੋਂ 20 ਹਰੇ ਦੋ-ਦੋ ਅੰਕਾਂ ਵਾਲੇ ਹਨ ਅਤੇ ਇਹਨਾਂ ਦਾ ਉੱਤਰ 20-30 ਸ਼ਬਦਾਂ ਵਿੱਚ ਦਿਓ। ਪ੍ਰਸ਼ਨ ਨੰਬਰ 21 ਤੋਂ 26 ਹਰੇਕ ਚਾਰ-ਚਾਰ ਅੰਕਾਂ ਵਾਲੇ ਹਨ ਅਤੇ ਇਹਨਾਂ ਦਾ ਉੱਤਰ 40-50 ਸ਼ਬਦਾਂ ਵਿੱਚ ਦਿਓ ਅਤੇ ਇਹਨਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ। ਪ੍ਰਸ਼ਨ ਨੰਬਰ 27 ਤੋਂ 32 ਦੱਸ-ਦੱਸ ਅੰਕਾਂ ਵਾਲੇ ਹਨ, ਇਹਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਓ ਅਤੇ ਇਹਨਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।

ਭਾਗ - ੳ

ਨੋਟ: ਦੱਸੋ ਕਿ ਹੇਠ ਲਿਖੇ ਕਥਨ ਸਹੀ ਹਨ ਜਾਂ ਗਲਤ:-

1. ਅਸੀਂ ਵਿਗਿਆਨਕ ਵਿਧੀ ਦੇ ਸਿੱਟਿਆਂ ਦੀ ਜਾਂਚ ਨਹੀਂ ਕਰ ਸਕਦੇ।
2. ਉਪਕਲਪਨਾ (Hypothesis) ਪਹਿਲਾਂ ਤੋਂ ਪ੍ਰਮਾਣਤ ਨਿਯਮਾਂ ਦਾ ਵਿਰੋਧ ਕਰ ਸਕਦੀ ਹੈ।
3. ਇੱਕ ਤੱਥ ਦੀ ਵਿਆਖਿਆ ਦੂਜੇ ਤੱਥ ਦੁਆਰਾ ਹੋ ਸਕਦੀ ਹੈ।
4. ਇੱਕ ਤਰਕਵਾਕ ਦੇ ਤਿੰਨ ਪਦ (Terms) ਹੁੰਦੇ ਹਨ ।
5. ਤੱਤਕਾਲ ਅਨੁਮਾਨ (Immediate Inference ) ਵਿੱਚ ਇੱਕ ਤਰਕਵਾਕ ਦੇ ਆਧਾਰ ਤੇ ਸਿੱਟਾ ਬਣਇਆ ਜਾਂਦਾ ਹੈ।
6. ਸੱਚਾਈ ਦਾ ਆਤਮ ਸੰਗਤ ਸਿਧਾਂਤ (Coherence Theory of Truth) ਸਿਰਫ ਵਸਤੂਗਤ ਸੱਚਾਈ ਨੂੰ ਪ੍ਰਮਾਣਤ ਕਰਦਾ ਹੈ।
7. ਸੱਚਾਈ ਦੇ ਵਿਵਹਾਰਿਕਤਾਵਾਦੀ ਸਿਧਾਂਤ (Pragmatic Theory of Truth) ਦਾ ਕਹਿਣਾ ਹੈ ਕਿ ਸੱਚਾਈ ਪਰਿਵਰਤਨਸ਼ੀਲ ਹੈ।
8. ਵਿਚਾਰਵਾਦ (Idealism) ਅਨੁਸਾਰ ਪਦਾਰਥ ਅੰਤਮ ਵਾਸਤਵਿਕਤਾ ਹੈ।
9. ਭਾਰਤੀ ਦਰਸ਼ਨ ਦਾ ਸਰੂਪ ਭੌਤਕਵਾਦੀ ਹੈ।
10. ਭਗਵਦਗੀਤਾ ਅਨੁਸਾਰ ' ਆਤਮਾ ਅਮਰ ਹੈ।

ਭਾਗ - ਅ

11. ਵਿਗਿਆਨ ਦਾ ਕੀ ਅਰਥ ਹੈ ?
12. ਉਪਕਲਪਨਾਂ (Hypothesis)ਦਾ ਕੀ ਅਰਥ ਹੈ ?
13. ਵਿਗਿਆਨਕ ਵਿਆਖਿਆ ਦੀ ਪਰਿਭਾਸ਼ਾ ?
14. ਵਿਗਿਆਨਕ ਵਿਆਖਿਆ ਦੀਆਂ ਭਿੰਨ-ਭਿੰਨ ਕਿਸਮਾਂ ਦੇ ਨਾਂ ਲਿਖੋ ।

15. ਅਨੁਮਾਨ (Ingerence) ਦਾ ਕੀ ਅਰਥ ਹੈ ?
16. ਗਿਆਨ ਦਾ ਕੀ ਅਰਥ ਹੈ ?
17. ਗਿਆਨ ਦੇ ਭਿੰਨ-ਭਿੰਨ ਸੋਮਿਆਂ ਦੇ ਨਾਂ ਲਿਖੋ ।
18. ਭੌਤਕਵਾਦ ਦੀ ਪਰਿਭਾਸ਼ਾ ਦਿਓ।
19. ਵਿਚਾਰਵਾਦ (Idealism)ਦਾ ਕੀ ਅਰਥ ਹੈ?
20. ਸੱਚਾਈ ਦੇ ਵਿਵਹਾਰਿਕਤਾਵਾਦੀ ਸਿਧਾਂਤ (Pragmatic Theory of Truth) ਦੀ ਪਰਿਭਾਸ਼ਾ ਦਿਓ।

## ਭਾਗ - ੲ

21. ਵਿਗਿਆਨਕ ਵਿਧੀ ਦੀ ਮਹੱਤਤਾ ਦਾ ਵਰਨਣ ਕਰੋ ।

ਜਾਂ

ਉਪਕਲਪਨਾ (Hypothesis)ਦਾ ਵਿਗਿਆਨਕ ਵਿਧੀ ਵਿੱਚ ਕੀ ਸਥਾਨ ਹੈ ?

22. ਵਿਗਿਆਨਕ ਵਿਆਖਿਆ ਦੀਆਂ ਸੀਮਾਵਾਂ (Limits) ਬਾਰੇ ਦੱਸੋ।

ਜਾਂ

ਇੱਕ ਵਾਕ ਅਤੇ ਤਰਕਵਾਕ ਵਿੱਚ ਅੰਤਰ ਬਾਰੇ ਚਰਚਾ ਕਰੋ ।

23. ਸੰਬੰਧ (Relation) ਦੇ ਅਧਾਰ ਤੇ ਤਰਕਵਾਕਾਂ ਦਾ ਵਿਸ਼ਲੇਸ਼ਨ ਕਰੋ ।
24. ਗਿਆਨ ਦੇ ਸੋਮੇ ਇੰਦਰੀ ਅਨੁਭਵ (Sensory Experience )ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਦੱਸੋ।

ਜਾਂ

ਵਿਚਾਰਵਾਦ (Idealism) ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।

25. ਭਗਵਦਗੀਤਾ ਦੇ ਕਰਮਯੋਗ ਬਾਰੇ ਸੰਖੇਪ ਵਿੱਚ ਦੱਸੋ।
26. ਸਿੱਖਮੱਤ ਵਿੱਚ ਸੇਵਾ ਦੀ ਧਾਰਣਾ ਬਾਰੇ ਚਰਚਾ ਕਰੋ ।

## ਭਾਗ -ਸ

27. ਵਿਗਿਆਨਕ ਵਿਧੀ ਅਤੇ ਅਵਿਗਿਆਨਕ ਵਿਧੀਆਂ ਇੱਕ ਦੂਜੇ ਤੋਂ ਕਿਵੇਂ ਭਿੰਨ ਹਨ? ਵਰਨਣ ਕਰੋ ।

ਜਾਂ

ਇੱਕ ਸਹੀ ਉਪਕਲਪਨਾ ਬਣਾਉਣ ਲਈ ਕੀ ਮੌਲਿਕ ਜ਼ਰੂਰਤਾਂ ਹਨ? ਵਰਨਣ ਕਰੋ ।

28. ਵਿਗਿਆਨਕ ਵਿਆਖਿਆ ਅਤੇ ਅਵਿਗਿਆਨਕ ਵਿਆਖਿਆ ਇੱਕ ਦੂਜੇ ਤੋਂ ਕਿਵੇਂ ਭਿੰਨ ਹਨ? ਵਰਨਣ ਕਰੋ।

ਜਾਂ

ਵਿਗਿਆਨਕ ਵਿਆਖਿਆ ਦੀਆਂ ਭਿੰਨ-ਭਿੰਨ ਕਿਸਮਾਂ ਬਾਰੇ ਸੰਖੇਪ ਵਿੱਚ ਚਰਚਾ ਕਰੋ ।

29. ਪ੍ਰਤਿਵਰਤਨ (Obversion) ਦਾ ਅਰਥ ਅਤੇ ਨਿਯਮਾਂ ਬਾਰੇ ਚਰਚਾ ਕਰੋ ।

ਜਾਂ

ਗੁਣ(Quality)ਅਤੇ ਮਾਤਰਾ (Quantity)ਦੇ ਅਧਾਰ ਤੇ ਚਾਰ ਪ੍ਰਕਾਰ ਦੇ ਤਰਕਵਾਕਾਂ (A.E.I.O) ਬਾਰੇ ਵਰਨਣ ਕਰੋ।

30. ਗਿਆਨ ਦੇ ਸੋਮੇ ਤਰਕਬੁੱਧੀ (Reason) ਬਾਰੇ ਸੰਖੇਪ ਵਿੱਚ ਚਰਚਾ ਕਰੋ।

ਜਾਂ

ਸੱਚਾਈ ਦੇ ਤੱਥਾਤਮਕ ਸਿਧਾਂਤ (Correspondece Theory of Truth) ਦਾ ਵਰਨਣ ਕਰੋ ।

31, ਭੌਤਕਵਾਦ ਦੇ ਮੁੱਖ ਸਿਧਾਂਤਾਂ ਬਾਰੇ ਦੱਸੋ ।

ਜਾਂ

ਵਿਚਾਰਵਾਦ (Idealism) ਅਤੇ ਭੌਤਕਵਾਦ (Materialism)ਇੱਕ ਦੂਜੇ ਤੋਂ ਕਿਵੇਂ ਭਿੰਨ ਹਨ ? ਵਰਨਣ ਕਰੋ।

32. ਸਿੱਖਮਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

ਭਾਰਤੀ ਦਰਸ਼ਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ ।